# ਪੰਜਾਬੀ-004

## Class-X (ਦਸਵੀਂ)

## MARKING SCHEME (ਪੜਤਾਲ-ਯੋਜਨਾ)

## ਸੈਸ਼ਨ 2026-2027

**Time Allowed: 03 Hours** **Maximum Marks: 80**

**ਸਮਾਂ: 03 ਘੰਟੇ** **ਕੁੱਲ ਅੰਕ: 80**

### ਭਾਗ-I. ਪੜ੍ਹਨ ਕੌਸ਼ਲ (Part-I Reading Skill) 10

**ਨੋਟ: ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ/ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ/ਉੱਤਰ ਸ਼ੀਟ ਵਿੱਚ ਦਰਜ ਕਰੋ: 6x1=6**

1. **ਪੈਰੇ ਦੇ ਆਧਾਰ 'ਤੇ ਹੇਠਲੇ ਉੱਤਰ ਸਹੀ ਹਨ :**

(i) ਪੈਰੇ ਅਨੁਸਾਰ ਪੁਆਧੀ ਦੀ ਧੁਨੀ-ਵਿਉਂਤ ਮਲਵਈ ਨਾਲ਼ ਮਿਲ਼ਦੀ ਜੁਲਦੀ ਹੈ ?

(A) ਮਲਵਈ

(ii) ਪੈਰੇ ਵਿੱਚ ਜ਼ਿਲ੍ਹਾ ਹਿਸਾਰ ਦੀ ਘੱਗਰ ਵਾਦੀ ਵਿੱਚ ਰਹਿਣ ਵਾਲ਼ੇ ਲੋਕਾਂ ਦੀ ਬੋਲੀ ਕਿਹੜੀ ਦੱਸੀ ਗਈ ਹੈ ?

(D) ਰਾਠੀ

(iii) ਪੈਰੇ ਅਨੁਸਾਰ ਪੁਆਧੀ ਵਿੱਚ ਉੱਚੀ ਸੁਰ ਦੀ ਵਰਤੋਂ ....................... ਹੁੰਦੀ ਹੈ। ਸਹੀ ਵਿਕਲਪ ਚੁਣ ਕੇ ਖਾਲੀ ਸਥਾਨ ਭਰੋ:

(B) ਘੱਟ

(iv) ਪੈਰੇ ਅਨੁਸਾਰ ਪੁਆਧੀ ਕਿਸ ਦੀ ਉਪ ਭਾਸ਼ਾ ਹੈ ?

(C) ਪੰਜਾਬੀ

(v) ਪੈਰੇ ਅਨੁਸਾਰ ਪੁਆਧੀ ਵਿੱਚ ਦੋ ਸਵਰਾਂ ਵਿੱਚ ਆਉਣ ਵਾਲ਼ਾ 'ਵ' ਕਈਆਂ ਸ਼ਬਦਾਂ ਵਿੱਚ ਕੀ ਬਣ ਜਾਂਦਾ ਹੈ?

(A) ਮ

(vi) ਪੈਰੇ ਅਨੁਸਾਰ ਪੁਆਧੀ ਕਿਸ ਨਾਲੋਂ ਵਧੇਰੇ ਵਿਜੋਗਾਤਮਕ ਹੈ ?

(C) ਮਾਝੀ

2. **ਕਾਵਿ-ਟੁਕੜੀ ਦੇ ਆਧਾਰ 'ਤੇ ਹੇਠ ਲਿਖੇ ਸੰਭਾਵੀ ਉੱਤਰ ਹੋ ਸਕਦੇ ਹਨ :** **4X1=4**

(i) ਰੁੱਖ ਕਿਸ ਦੇ ਸੰਗ ਹੋਂਦ ਵਿੱਚ ਆਏ ਹਨ ?

ਉੱਤਰ: ਧਰਤੀ ਦੇ ਸੰਗ

(ii) ਰੁੱਖਾਂ 'ਚੋਂ ਸਾਨੂੰ ਕੀ ਲੱਭਣਾ ਹੈ ?

ਉੱਤਰ: ਕੁਦਰਤ ਦਾ ਸਿਰਨਾਂਵਾਂ

(iii) ਕਿਸ ਦੇ ਸਿਰ 'ਤੇ ਛੱਤ ਨਹੀਂ ਹੈ ਪਰ ਉਹ ਹੋਰਾਂ ਨੂੰ ਸਹਾਰਾ ਦਿੰਦੇ ਹਨ ?

ਉੱਤਰ: ਰੁੱਖ

(iv) ਰੁੱਖਾਂ ਉੱਤੇ ਕਿਸ ਨੇ ਆਲ੍ਹਣੇ ਪਾਏ ਹੋਏ ਹਨ ?

ਉੱਤਰ: ਘੁੱਗੀਆਂ, ਚਿੜੀਆਂ ਤੇ ਕਾਂਵਾਂ

## ਭਾਗ-II ਵਿਆਕਰਨ (Part-II Grammar) 12

### 3. ਸਮਾਸੀ ਸ਼ਬਦ: (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2X1=2

(i) ਹੇਠ ਲਿਖਿਆਂ ਵਿੱਚੋਂ ਕਿਹੜਾ ਇੱਕ ਸਮਾਸੀ ਸ਼ਬਦ **ਨਹੀਂ** ਹੈ ?

ਉੱਤਰ: (A) ਲੜਾਈ-ਪਰੇਸ਼ਾਨੀ

(ii) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਵਿਸ਼ੇਸ਼ਣ+ ਵਿਸ਼ੇਸ਼ਣ ਸ਼ਬਦਾਂ ਦੇ ਸੁਮੇਲ ਨਾਲ਼ ਬਣਿਆ ਹੈ ?

ਉੱਤਰ: (C) ਚੰਗਾ-ਮਾੜਾ

(iii) 'ਇਲਾਕਾ-ਨਿਵਾਸੀ' ਸਮਾਸੀ-ਸ਼ਬਦ ਲਈ ਠੀਕ ਸ਼ਬਦ-ਸਮੂਹ ਚੁਣੋ-

ਉੱਤਰ: (B) ਇਲਾਕੇ ਦੇ ਨਿਵਾਸੀ

### 4. ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2X1=2

(i) ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਤਸਵੀਰ' ਸ਼ਬਦ ਦਾ ਬਹੁ-ਅਰਥਕ ਸ਼ਬਦ **ਨਹੀ** ਹੈ ?

ਉੱਤਰ: (A) ਤਸੱਵਰ

(ii) ਹੇਠ ਲਿਖੇ ਵਾਕ ਵਿਚਲੀਆਂ ਖਾਲੀ ਥਾਵਾਂ ਭਰਨ ਲਈ ਢੁਕਵਾਂ ਬਹੁ-ਅਰਥਕ ਸ਼ਬਦ ਚੁਣੋ:

ਮੈਨੂੰ ਉਸ ਨੂੰ ਉਡੀਕਦੇ ਨੂੰ ਕਿੰਨਾ ਹੀ ........... ਹੋ ਗਿਆ ਸੀ। ਪਰ ਉਹ ਨਾ ਆਇਆ ਮੈਂ ਸੋਚਿਆ ਸ਼ਾਇਦ ਉਸ ਨੂੰ ............. ਨਹੀਂ ਮਿਲਿਆ ਹੋਏਗਾ। ਮੈਨੂੰ ਤਾਂ ਹੁਣ ਪਤਾ ਲੱਗਿਆ ਕਿ ਉਹ ਦੇ ਨਾ ਆਉਣ ਦਾ ਕਾਰਨ ਇਹ ਸੀ ਕਿ ਵਿਚਾਰੇ ਦਾ .............. ਨੇੜੇ ਆ ਗਿਆ ਸੀ।

ਉੱਤਰ: (C) ਸਮਾਂ

(iii) 'ਗੁਣ' ਦਾ ਇੱਕ ਅਰਥ ਹੈ; 'ਸਿਫ਼ਤ' ਹੋਰ ਅਰਥ ਹੈ/ਹਨ:

ਉੱਤਰ: (D) ਉਪਰੋਕਤ ਸਾਰੇ ਹੀ

### 5. ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2X1=2

(i) ਹੇਠ ਲਿਖੇ ਸ਼ਬਦ ਸਮੂਹਾਂ ਵਿੱਚੋਂ ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :

ਉੱਤਰ: (**B**) ਕਿਉਂਕਿ, ਇਸ ਲਈ, ਸੋ

(ii) ਵਿਆਕਰਨ ਅਨੁਸਾਰ ਹੇਠ ਦਿੱਤੇ ਵਿਕਲਪਾਂ ਵਿੱਚੋਂ ਕਿਹੜੀ ਕਿਰਿਆ-ਵਿਸ਼ੇਸ਼ਣ ਦੀ ਇੱਕ ਕਿਸਮ ਹੈ ?

ਉੱਤਰ: (A) ਪ੍ਰਕਾਰ-ਵਾਚਕ

(iii) ਹੇਠ ਲਿਖੇ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ :

ਉਹ ਇੱਥੋਂ ਦੂਰ ਰਹਿੰਦਾ ਹੈ ।

ਉੱਤਰ: (C) ਦੂਰ

## 6. ਅਗੇਤਰ-ਪਿਛੇਤਰ: 1+1=2

**ਪੁੱਛੇ ਗਏ ਅਨੁਸਾਰ ਹੱਲ ਕਰੋ:**

(i) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ ਅਗੇਤਰ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਉੱਤਰ: ਆਤਮ: ਆਤਮ-ਨਿਰਭਰ, ਆਤਮ-ਕਥਾ, ਆਤਮ-ਹੱਤਿਆ, ਆਤਮ-ਵਿਸ਼ਲੇਸ਼ਣ

ਬਾ: ਬਾਇੱਜ਼ਤ, ਬਾਅਸੂਲ, ਬਾਦਸਤੂਰ, ਬਾਕਮਾਲ, ਬਾਕਾਇਦਾ, ਬਾਰਸੂਖ਼

(ii) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ ਪਿਛੇਤਰ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਉੱਤਰ: ਨੀ: ਮੋਰਨੀ, ਬਾਜ਼ੀਗਰਨੀ, ਜਾਦੂਗਰਨੀ, ਫ਼ਕੀਰਨੀ, ਸ਼ੇਰਨੀ, ਥਾਣੇਦਾਰਨੀ

ਵਾਦ: ਨਿਰਾਸ਼ਾਵਾਦ, ਮਾਰਕਸਵਾਦ, ਸਮਾਜਵਾਦ, ਆਸ਼ੀਰਵਾਦ, ਯਥਾਰਥਵਾਦ, ਪ੍ਰਗਤੀਵਾਦ

## 7. ਮੁਹਾਵਰੇ: ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ: 4X1=4

(i) ਕਦਮਾਂ ’ਤੇ ਤੁਰਨਾ: ਸਿਆਣਿਆਂ ਦੇ ਕਦਮਾਂ ’ਤੇ ਤੁਰਨ ਵਾਲ਼ੇ ਹਮੇਸ਼ਾ ਸਫ਼ਲ ਹੁੰਦੇ ਹਨ ।

(ii) ਖਿੱਲੀ ਉਡਾਉਣਾ: ਸਾਨੂੰ ਕਦੇ ਵੀ ਕਿਸੇ ਦੀ ਖਿੱਲੀ ਨਹੀਂ ਉਡਾਉਣੀ ਚਾਹੀਦੀ ।

(iii) ਗਲ਼ ਪੈ ਜਾਣਾ: ਪਤਾ ਨਹੀਂ ਉਸ ਨੂੰ ਕੀ ਹੋਇਆ ਹੈ, ਨਿੱਕੀ-ਨਿੱਕੀ ਗੱਲ ’ਤੇ ਗਲ਼ ਪੈ ਜਾਂਦਾ ਹੈ ।

(iv) ਘੁਲ਼-ਮਿਲ਼ ਜਾਣਾ: ਕਈ ਵਿਅਕਤੀ ਬਹੁਤ ਜਲਦੀ ਦੂਜਿਆਂ ਨਾਲ਼ ਘੁਲ਼-ਮਿਲ਼ ਜਾਂਦੇ ਹਨ ।

(v) ਚੱਕਰਾਂ ਵਿੱਚ ਪਾਉਣਾ: ਪਖੰਡੀ ਲੋਕ ਆਪਣੇ ਮਤਲਬ ਲਈ ਦੂਜਿਆਂ ਨੂੰ ਚੱਕਰਾਂ ਵਿੱਚ ਪਾ ਦਿੰਦੇ ਹਨ ।

(vi) ਝੰਡੇ ਗੱਡਣਾ: ਸਾਡੇ ਸਕੂਲ ਦੇ ਵਿਦਿਆਰਥੀਆਂ ਨੇ ਖੇਡ-ਮੁਕਾਬਲਿਆਂ ਵਿੱਚ ਝੰਡੇ ਗੱਡ ਦਿੱਤੇ ।

# ਭਾਗ-III. ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part III: Writing Skill) 8+6+4=18

8. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ ’ਤੇ 200 ਸ਼ਬਦਾਂ ਵਿੱਚ ਲੇਖ ਲਿਖੋ : 1X8=8

ਨੋਟ: ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਅੰਕਾਂ ਦੀ ਵੰਡ ਇਸ ਪ੍ਰਕਾਰ ਹੋਵੇਗੀ:-

| | |
|---|---|
| ਭੂਮਿਕਾ: | 1 ਅੰਕ |
| ਪੇਸ਼ਕਾਰੀ: | 2 ਅੰਕ |
| ਵਿਸ਼ੇ ਦਾ ਗਿਆਨ: | 3 ਅੰਕ |
| ਸ਼ਬਦ-ਚੋਣ: | 1 ਅੰਕ |
| ਸ਼ਬਦ-ਜੋੜ: | 1 ਅੰਕ) |

9. **ਪੱਤਰ ਰਚਨਾ:** 1X6 = 6

ਨੋਟ: ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਅੰਕਾਂ ਦੀ ਵੰਡ ਇਸ ਪ੍ਰਕਾਰ ਹੋਵੇਗੀ:-

| | | |
|---|---|---|
| (i) | **ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਲਾਇਬ੍ਰੇਰੀ ਨੂੰ ਸੁਚਾਰੂ (ਠੀਕ ਤਰ੍ਹਾਂ) ਚਲਾਉਣ ਲਈ ਬੇਨਤੀ-ਪੱਤਰ ਲਿਖੋ ।** | |
| | ਸੇਵਾ ਵਿਖੇ<br>ਪ੍ਰਿੰਸੀਪਲ ਸਾਹਿਬ,<br>..............................ਸਕੂਲ,<br>...................... ਸ਼ਹਿਰ । | 1 |
| | ਵਿਸ਼ਾ-.................................................................................................................................।<br>ਸ੍ਰੀ ਮਾਨ ਜੀ, | 1 |
| | ਵਿਸ਼ਾ-ਸਮਗਰੀ/ਵਿਸ਼ੇ ਦਾ ਵਿਸਥਾਰ ..........................................................................................<br>.................................................................................................................................<br>................................................................................................................................. | 3 |
| | ਆਪ ਜਾ ਦਾ/ਦੀ ਵਿਸ਼ਵਾਸ-ਪਾਤਰ,<br>ਕ. ਖ. ਗ. । | 1 |
| **ਜਾਂ (OR)** | | |
| (ii) | **ਤੁਹਾਡੇ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਇਤਿਹਾਸਿਕ ਸਥਾਨਾਂ ਦੇ ਟੂਰ ਲਈ ਲਿਜਾਇਆ ਜਾ ਰਿਹਾ ਹੈ । ਆਪਣੇ ਪਿਤਾ ਜੀ ਨੂੰ ਇਸ ਦੀ ਮਹੱਤਤਾ ਦੱਸਦੇ ਹੋਏ ਟੂਰ 'ਤੇ ਜਾਣ ਦੀ ਇਜਾਜ਼ਤ ਲੈਣ ਲਈ ਪੱਤਰ ਲਿਖੋ ।** | |
| | ਪਰੀਖਿਆ ਭਵਨ,<br>......... ਸ਼ਹਿਰ ।<br>ਮਿਤੀ................ | 1 |
| | ਸਤਿਕਾਰਯੋਗ ........................ ,<br>ਸਤਿ ਸ੍ਰੀ ਅਕਾਲ/ਨਮਸਤੇ । | 1 |
| | ਵਿਸ਼ਾ-ਸਮਗਰੀ/ਵਿਸ਼ੇ ਦਾ ਵਿਸਥਾਰ ..........................................................................................<br>.................................................................................................................................<br>................................................................................................................................. | 3 |
| | ਆਪ ਜੀ ਦਾ/ਦੀ ਪਿਆਰਾ/ਪਿਆਰੀ ..............,<br>ਮਿਤੀ:................... ਕ. ਖ. ਗ. । | 1 |

10. **ਹੇਠਲੀ ਤਸਵੀਰ ਨੂੰ ਧਿਆਨ ਨਾਲ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ:** 1X4=4

ਨੋਟ: ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਵਿਦਿਆਰਥੀ ਦੇ ਵੇਰਵਿਆਂ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ, ਬਣਦੇ ਅੰਕ ਦਿੱਤੇ ਜਾਣ।

**ਨੋਟ: ਇਹ ਪ੍ਰਸ਼ਨ ਤਸਵੀਰ ਆਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ:-**

ਤੁਹਾਡੇ ਸਕੂਲ ਵਿੱਚ ਗਰਮੀਆਂ ਵਿੱਚ ਬਿਜਲੀ ਦੀ ਸਪਲਾਈ ਦੀ ਬਹੁਤ ਸਮੱਸਿਆ ਹੈ, ਆਪਣੇ ਸਕੂਲ ਦੇ ਮੁਖੀ ਨੂੰ ਇਸ ਵਿੱਚ ਸੁਧਾਰ ਕਰਨ ਲਈ ਪੱਤਰ ਲਿਖੋ।

ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ। ਵਿਦਿਆਰਥੀ ਦੇ ਵੇਰਵਿਆਂ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਬਣਦੇ ਅੰਕ ਦਿੱਤੇ ਜਾਣ।

## IV. ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ

## (IV. Text Books based questions) 5+5+4+14+8+4=40

11. **ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) :** **5X1=5**

(i) **'ਘਰ ਦਾ ਪਿਆਰ'** ਲੇਖ ਅਨੁਸਾਰ ਲੇਖਕ ਦੇ ਪਿੰਡ ਦਾ ਕੀ ਨਾਂ ਹੈ ?

ਉੱਤਰ: (B) ਅਡਿਆਲਾ

(ii) **"ਬੋਲੀ'** ਲੇਖ ਦੇ ਆਧਾਰ'ਤੇ ਵਾਕ ਪੂਰਾ ਕਰੋ:

ਬੋਲੀ ਨਾ ਸਿਰਫ਼ ਕਾਮਯਾਬੀ ਦੀ ਕੁੰਜੀ ਹੈ, ਇਹ ਜ਼ਿੰਦਗੀ ਦੇ .......................................... ਦਾ ਜਾਦੂ ਵੀ ਹੈ।

ਉੱਤਰ: (D) ਹੁਸਨਾਂ ਤੇ ਸੁਆਦਾਂ

(iii) 'ਮੇਰੇ ਵੱਡੇ ਵਡੇਰੇ' ਲੇਖ ਅਨੁਸਾਰ ਚੌਧਰੀ ਚੜ੍ਹਤ ਸਿੰਘ ਕੌਣ ਸੀ ?

ਉੱਤਰ: (B) ਪਿੰਡ ਦਾ ਚੌਧਰੀ

(iv) **'ਕੁਲਫ਼ੀ'** ਕਹਾਣੀ ਦੇ ਆਧਾਰ 'ਤੇ ਸਹੀ ਵਿਕਲਪ ਚੁਣ ਕੇ ਵਾਕ ਪੂਰਾ ਕਰੋ: "ਹੁਣ ਰਾਤ ਪੈ ਗਈ ਏ, ..............................ਕੱਲ੍ਹ ਖਾਵਾਂਗੇ।"

ਉੱਤਰ: (D) ਕੁਲਫ਼ੀ

(v) 'ਧਰਤੀ ਹੇਠਲਾ ਬਲ਼ਦ' ਕਹਾਣੀ ਅਨੁਸਾਰ 'ਠੱਠੀ ਖਾਰਾ' ਪਿੰਡ ਤੋਂ ਤਰਨਤਾਰਨ ਕਿੰਨੀ ਦੂਰ ਹੈ ?

ਉੱਤਰ: (B) ਚਾਰ ਕੋਹ

(vi) 'ਅੰਗ-ਸੰਗ' ਕਹਾਣੀ ਕਿਸ ਦੀ ਲਿਖੀ ਹੋਈ ਹੈ ?

ਉੱਤਰ: (C) ਵਰਿਆਮ ਸਿੰਘ ਸੰਧੂ

12.**ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) :** **5X1=5**

(i) ਹੇਠ ਲਿਖੀਆਂ ਰਚਨਾਵਾਂ ਵਿੱਚੋਂ ਕਿਹੜੀ ਰਚਨਾ ਸ੍ਰੀ ਗੁਰੂ ਅਮਰਦਾਸ ਜੀ ਦੀ ਹੈ ?

ਉੱਤਰ: (B) ਕਿਰਪਾ ਕਰਿ ਕੈ ਬਖਸਿ ਲੈਹੁ

(ii) 'ਭਾਈ ਗੁਰਦਾਸ ਜੀ ਦੀ ਰਚਨਾ 'ਸਤਿਗੁਰ ਨਾਨਕ ਪ੍ਰਗਟਿਆ' ਵਿੱਚ ਪ੍ਰਿਥਵੀ ਦੇ ਕਿੰਨੇ ਖੰਡਾ ਦਾ ਜ਼ਿਕਰ ਆਇਆ ਹੈ ?

ਉੱਤਰ: (C) ਨੌਂ

(iii) ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਵਿੱਚ ਆਏ ਸ਼ਬਦ 'ਕਾੜਾ' ਦਾ ਕੀ ਅਰਥ ਹੈ ?

ਉੱਤਰ: (D) ਚਿੰਤਾ

(iv) 'ਦੂਜਾ ਵਿਆਹ' ਇਕਾਂਗੀ ਵਿੱਚ ਸੁਖਦੇਵ ਸਿੰਘ ਦੀ ਭੈਣ ਦਾ ਕੀ ਨਾਂ ਹੈ ?

ਉੱਤਰ: (C) ਸੁਖਦੇਵ ਕੌਰ

(v) '"ਸਭ ਪਹਿਲੂ ਮੈਂ ਅੱਛੀ ਤਰ੍ਹਾਂ ਸੋਚੇ ਹਨ। ਮੈਨੂੰ ਕੋਈ ਠੀਕ ਰਾਹ ਨਜ਼ਰ ਨਹੀਂ ਆਉਂਦਾ।" 'ਜ਼ਫ਼ਰਨਾਮਾ' ਇਕਾਂਗੀ ਵਿੱਚ ਇਹ ਸ਼ਬਦ ਕਿਸ ਨੇ ਕਹੇ ?

ਉੱਤਰ: (A) ਔਰੰਗਜ਼ੇਬ ਨੇ

(vi) 'ਜ਼ਫ਼ਰਨਾਮਾ'ਇਕਾਂਗੀ ਦੇ ਆਧਾਰ 'ਤੇ ਦੱਸੋ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਕਿਸ ਬਾਦਸ਼ਾਹ ਨੇ ਦਿੱਤਾ ਸੀ ?

ਉੱਤਰ: (B) ਔਰੰਗਜ਼ੇਬ

13.**ਕਹਾਣੀ ਤੇ ਵਾਰਤਕ ਵਿੱਚੋਂ ( ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ) :** **4X1=4**

(i) ''ਮੇਰੇ ਵੱਡੇ-ਵਡੇਰੇ' ਲੇਖ ਅਨੁਸਾਰ ਲਟੈਣ ਚੜ੍ਹਾਉਣ ਲਈ ਪਿੰਡ ਦੇ ਕਿੰਨੇ ਗੱਭਰੂ ਇਕੱਠੇ ਕਰਨੇ ਪਏ ?

ਉੱਤਰ : ਅੱਠ-ਦਸ

(ii) **'ਬੋਲੀ'** ਲੇਖ ਦੇ ਆਧਾਰ 'ਤੇ ਦੱਸੋ ਕਿ ਬੋਲੀ ਕਿਹੋ ਜਿਹੀ ਵਿਰਾਸਤ ਹੈ ?

ਉੱਤਰ: ਮਹਿੰਗੀ ਤੇ ਪਿਆਰੀ

(iii) 'ਗੁਰੂ ਸਾਹਿਬ ਦੀ ਮਾਤਾ ਜੀ ਦੁਆਰਾ ਕਹੇ ਮਮਤਾ ਦੇ ਲਫ਼ਜ਼ਾਂ ਨੂੰ ਲੇਖਕ ਨੇ ਕਿਹੜੇ ਰਸ ਦਾ ਨਾਮ ਦਿੱਤਾ ਹੈ? **'ਘਰ ਦਾ ਪਿਆਰ'** ਲੇਖ ਦੇ ਆਧਾਰ 'ਤੇ ਦੱਸੋ।

ਉੱਤਰ: ਕਰੁਣਾ-ਰਸ

(iv) **'ਕੁਲਫ਼ੀ'** ਕਹਾਣੀ ਅਨੁਸਾਰ ਕਿਸ ਦੀ ਤੰਗੀ ਹਵਾਲਾਤ ਦੀ ਤੰਗੀ ਤੋਂ ਵੀ ਭੈੜੀ ਹੁੰਦੀ ਹੈ ?

ਉੱਤਰ: ਪੈਸੇ ਦੀ

(v) 'ਧਰਤੀ ਹੇਠਲਾ ਬਲ਼ਦ' ਕਹਾਣੀ ਵਿੱਚ 'ਮਾਨ ਸਿੰਘ' ਤੋਂ ਕਿਹੜੀ ਗੱਲ ਲਕੋਈ ਗਈ ਹੈ ?

ਉੱਤਰ: ਕਰਮ ਸਿੰਘ ਦੀ ਮੌਤ ਦੀ

14.**ਕਹਾਣੀ, ਵਾਰਤਕ ਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ) :7X2=14**

(i) ਅਮਰੀਕ ਦਾ ਦਾਦਾ ਜਦ ਆਖ਼ਰੀ ਵਾਰ ਪਿੰਡ ਆਇਆ ਸੀ ਤਾਂ ਉਸ ਨੇ ਕਰਤਾਰ ਸਿੰਘ ਨੂੰ ਕੀ ਕਿਹਾ? 'ਅੰਗ-ਸੰਗ' ਕਹਾਣੀ ਦੇ ਆਧਾਰ 'ਤੇ ਦੱਸੋ।

ਉੱਤਰ: ਉਸ ਨੇ ਕਰਤਾਰ ਸਿੰਘ ਨੂੰ ਕਿਹਾ ਸੀ ਕਿ ਉਹ ਹਰ ਵਾਰ ਸੋਚਦਾ ਹੈ ਕਿ ਤੇਰੇ ਨਾਲ ਆਪਣੇ ਦਿਲ ਦੀ ਗੱਲ ਕਰੇ, ਪਰ ਤੂੰ ਸੋਫ਼ੀ ਹਾਲਤ ਵਿੱਚ ਹੁੰਦਾ ਹੀ ਨਹੀਂ।

(ii) ਲੇਖਕ ਨੇ ਧੁੱਪ ਵਿੱਚ ਸੜਕਾਂ 'ਤੇ ਸਮਾਂ ਬਰਬਾਦ ਕਿਉਂ ਕੀਤਾ ? ''ਕੁਲਫ਼ੀ' ਕਹਾਣੀ ਦੇ ਆਧਾਰ 'ਤੇ ਦੱਸੋ ਕਿ ਲੇਖਕ ਦਾ ਇਸ ਤਰ੍ਹਾਂ ਕਰਨਾ ਠੀਕ ਸੀ ?

ਉੱਤਰ: ਵਿਦਿਆਰਥੀ ਆਪਣੀ ਸੋਚ ਤੇ ਸੂਝ-ਬੂਝ ਮੁਤਾਬਕ ਲਿਖਣਗੇ। ਸੋ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ ।

(iii) 'ਧਰਤੀ ਹੇਠਲਾ ਬਲਦ' ਕਹਾਣੀ ਦਾ ਵਿਸ਼ਾ ਕੀ ਹੈ ? ਆਪਣੇ ਵਿਚਾਰ ਪ੍ਰਗਟ ਕਰੋ।

ਉੱਤਰ: ਵਿਦਿਆਰਥੀ ਆਪਣੀ ਸੋਚ ਤੇ ਸੂਝ-ਬੂਝ ਮੁਤਾਬਕ ਲਿਖਣਗੇ। ਸੋ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ।

(iv) ਦੂਜਾ ਵਿਆਹ' ਇਕਾਂਗੀ ਵਿੱਚ ਨਿਹਾਲ ਕੌਰ ਨੂੰ ਗੁਆਂਢਣ 'ਤੇ ਕਾਹਦਾ ਗੁੱਸਾ ਹੈ ? ਇਸ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ।

ਉੱਤਰ: ਨਿਹਾਲ ਕੌਰ ਨੂੰ ਗੁੱਸਾ ਹੈ ਕਿ ਉਹ ਉਸ ਦੀ ਨੂੰਹ ਵਰਗੀਆਂ ਹੋਰ ਇਸਤਰੀਆਂ ਨੂੰ ਗੱਲਾਂ `ਚ ਭਰਮਾ ਕੇ ਇਸਤਰੀਆਂ ਨੂੰ ਵਿਗਾੜਦੀ ਹੈ ਤੇ ਉਸ ਨੇ ਇਸਤਰੀਆਂ ਦੀ ਸਭਾ ਵੀ ਬਣਾਈ ਹੈ ਤੇ ਮੀਟਿੰਗਾਂ ਕਰਦੀ ਹੈ।

ਜਾਂ

ਵਿਦਿਆਰਥੀ ਆਪਣੀ ਸੋਚ ਤੇ ਸੂਝ-ਬੂਝ ਮੁਤਾਬਕ ਲਿਖਣਗੇ। ਸੋ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ ।

(v) 'ਜ਼ਫ਼ਰਨਾਮਾ'ਇਕਾਂਗੀ ਦੇ ਆਧਾਰ 'ਤੇ ਦੱਸੋ ਕਿ ਜ਼ੀਨਤ ਬਾਰੇ ਔਰੰਗਜ਼ੇਬ ਕੀ ਵਿਚਾਰ ਰੱਖਦਾ ਹੈ ?

ਉੱਤਰ: ਔਰੰਗਜ਼ੇਬ ਅਨੁਸਾਰ ਜ਼ੀਨਤ ਉਸ ਦਾ ਜ਼ਰੂਰਤ ਤੋਂ ਜ਼ਿਆਦਾ ਫ਼ਿਕਰ ਕਰਦੀ ਤੇ ਧਿਆਨ ਰੱਖਦੀ ਹੈ, ਉਹ ਪਿਛਲੇ ਤੀਹ ਸਾਲਾਂ ਤੋਂ ਉਸ ਦੀ ਸੇਵਾ ਕਰ ਰਹੀ ਹੈ। ਖ਼ੁਦਾ ਅਜਿਹੀ ਧੀ ਸਭ ਨੂੰ ਦੇਵੇ ।

(vi) ''ਤੁਰਨ ਦਾ ਹੁਨਰ' ਪਾਠ ਵਿੱਚ ਪੈਦਲ ਤੁਰਨ ਸੰਬੰਧੀ ਯੂਨਾਨੀ ਫ਼ਿਲਾਸਫ਼ਰ ਦੇ ਕਿਹੜੇ ਵਿਚਾਰ ਪੇਸ਼ ਕੀਤੇ ਗਏ ਹਨ ?

ਉੱਤਰ: ਲੇਖ ਅਨੁਸਾਰ ਇੱਕ ਯੂਨਾਨੀ ਫ਼ਿਲਾਸਫ਼ਰ ਨੇ ਆਪਣੀ ਭਾਰਤ ਯਾਤਰਾ ਦਾ ਉਦੇਸ਼ ਦੱਸਦਿਆਂ ਕਿਹਾ ਸੀ, "ਵੇਖਣ ਚੱਲਿਆ ਹਾਂ ਕਿ ਦੁਨੀਆ ਕੋਲ ਮੈਨੂੰ ਸਿਖਾਉਣ ਲਈ ਕੀ ਹੈ ਅਤੇ ਮੇਰੇ ਕੋਲ ਦੁਨੀਆ ਨੂੰ ਸਿਖਾਉਣ ਲਈ ਕੀ ਹੈ ?"

(vii) ਤੁਹਾਡੇ ਵਿਚਾਰ ਅਨੁਸਾਰ **'ਘਰ ਦਾ ਪਿਆਰ'** ਲੇਖ ਵਿੱਚ ਘਰ ਤੋਂ ਕੀ ਭਾਵ ਹੈ ?

**ਉੱਤਰ:** ਵਿਦਿਆਰਥੀ ਆਪਣੀ ਸੋਚ ਤੇ ਸੂਝ-ਬੂਝ ਮੁਤਾਬਕ ਲਿਖਣਗੇ। ਸੋ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ।

(viii) 'ਬੋਲੀ' ਲੇਖ ਵਿੱਚ ਆਏ ਕਥਨ 'ਲਫ਼ਜ਼ ਵੀ ਦਿਲ ਦੀ ਦੌਲਤ ਦੀਆਂ ਮੋਹਰਾਂ ਹਨ।' ਨਾਲ਼ ਤੁਸੀਂ ਕਿੰਨੇ ਕੁ ਸਹਿਮਤ ਹੋ ? ਦਲੀਲਾਂ ਸਹਿਤ ਉੱਤਰ ਦਿਓ।

ਉੱਤਰ: ਵਿਦਿਆਰਥੀ ਆਪਣੀ ਸੋਚ ਤੇ ਸੂਝ-ਬੂਝ ਮੁਤਾਬਕ ਲਿਖਣਗੇ। ਸੋ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ।

15. **ਕਵਿਤਾ ਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : 2X4=8**

(i) 'ਸੋ ਕਿਉ ਮੰਦਾ ਆਖੀਐ' ਸ਼ਬਦ ਵਿੱਚੋਂ ਸਾਨੂੰ ਕੀ ਪ੍ਰੇਰਨਾ ਮਿਲਦੀ ਹੈ ?

ਉੱਤਰ: ਇਸ ਸ਼ਬਦ ਵਿੱਚੋਂ ਸਾਨੂੰ ਇਹ ਪ੍ਰੇਰਨਾ ਮਿਲਦੀ ਹੈ ਕਿ ਇਸਤਰੀ ਨਾਲ਼ ਹੀ ਸਮਾਜ ਚੱਲਦਾ ਹੈ। ਇਸਤਰੀ ਤੋਂ ਬਿਨਾਂ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਉਸ ਦਾ ਰੁਤਬਾ ਸਤਿਕਾਰਯੋਗ ਹੈ, ਉਹ 'ਜੱਗ ਜਣਨੀ ਹੈ। ਪੁਰਖ ਉਸ ਨੂੰ ਤ੍ਰਿਸਕਾਰ ਦੀ ਭਾਵਨਾ ਨਾਲ਼ ਵੇਖਦੇ ਹਨ। ਅਜਿਹਾ ਨਹੀਂ ਕਰਨਾ ਚਾਹੀਦਾ, ਸਗੋਂ ਉਸ ਦਾ ਸਤਿਕਾਰ ਕਰਨਾ ਚਾਹੀਦਾ ਹੈ।

**ਜਾਂ (OR)**

(ii) "ਸ਼ਾਹ ਮੁਹੰਮਦ ਦੀ ਰਚਨਾ 'ਜੰਗ ਦਾ ਹਾਲ' ਅਨੁਸਾਰ ਜੰਗ ਕਿਸ-ਕਿਸ ਦਰਮਿਆਨ ਹੋ ਰਹੀ ਹੈ ਅਤੇ ਫ਼ੌਜਾਂ ਦੇ ਜਿੱਤ ਕੇ ਅੰਤ ਨੂੰ ਹਾਰਨ ਤੋਂ ਕਵੀ ਦਾ ਕੀ ਭਾਵ ਹੈ ?

ਉੱਤਰ: ਸ਼ਾਹ ਮੁਹੰਮਦ ਅਨੁਸਾਰ ਜੰਗ ਸਿੱਖ ਫ਼ੌਜਾਂ ਤੇ ਅੰਗਰੇਜ਼ ਫ਼ੌਜਾਂ ਦਰਮਿਆਨ ਫੇਰੂ ਸ਼ਹਿਰ ਵਿਖੇ ਹੋ ਰਹੀ ਹੈ । ਫ਼ੌਜਾਂ ਦੇ ਜਿੱਤ ਕੇ ਅੰਤ ਨੂੰ ਹਾਰਨ ਤੋਂ ਕਵੀ ਦਾ ਭਾਵ ਹੈ ਕਿ ਮਹਾਰਾਜਾ ਰਣਜੀਤ ਸਿੰਘ ਬਾਝੋਂ ਸਿੱਖ ਫ਼ੌਜਾਂ ਦੀ ਬਹਾਦਰੀ ਦਾ ਮੁੱਲ ਪਾਉਣ ਵਾਲ਼ਾ ਹੋਰ ਕੋਈ ਨਹੀਂ ਸੀ। ਸਿੱਖ ਫ਼ੌਜਾਂ ਦੇ ਬਹੁਤ ਬਹਾਦਰੀ ਨਾਲ਼ ਲੜਨ ਦੇ ਬਾਵਜੂਦ ਵੀ ਸੁਯੋਗ ਅਗਵਾਈ ਦੀ ਅਣਹੋਂਦ ਕਾਰਨ ਉਹ ਹਾਰ ਗਈਆਂ।

(iii) 'ਤੁਰਨ ਦਾ ਹੁਨਰ' ਪਾਠ ਦੇ ਆਧਾਰ 'ਤੇ ਦੱਸੋ ਕਿ ਤੁਰਨ ਨਾਲ਼ ਸਾਨੂੰ ਕਿਹੜੇ-ਕਿਹੜੇ ਨੈਤਿਕ ਅਤੇ ਸਦਾਚਾਰਕ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ ?

ਉੱਤਰ: ਲੇਖਕ ਅਨੁਸਾਰ ਤੁਰਨ ਨਾਲ਼ ਮਨੁੱਖ ਨੂੰ ਬਹੁਤ ਸਾਰੇ ਨੈਤਿਕ ਅਤੇ ਸਦਾਚਾਰਕ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ। ਨੈਤਿਕ ਤੌਰ 'ਤੇ ਤੁਰਨ ਨਾਲ਼ ਸਬਰ, ਸੰਤੋਖ, ਧੀਰਜ, ਗੰਭੀਰਤਾ, ਸਲੀਕਾ, ਪਿਆਰ ਤੇ ਆਤਮ-ਵਿਸ਼ਵਾਸ ਵਰਗੇ ਗੁਣ ਪ੍ਰਾਪਤ ਹੁੰਦੇ ਹਨ। ਇਸੇ ਤਰ੍ਹਾਂ ਤੁਰਨ ਨਾਲ਼ ਮਨੁੱਖ ਕੁਦਰਤ ਦੇ ਨੇੜੇ ਹੋ ਕੇ ਉਸ ਨੂੰ ਮਾਣ ਕੇ ਖ਼ੁਸ਼ੀ ਪ੍ਰਾਪਤ ਕਰਦਾ ਹੈ। ਤੁਰਨ ਨਾਲ਼ ਮਨੁੱਖ ਵਿੱਚੋਂ ਸਦਾਚਾਰਕ ਤੌਰ 'ਤੇ ਪੱਖ-ਪਾਤੀ ਸੋਚ ਖ਼ਤਮ ਹੁੰਦੀ ਹੈ ।

**ਜਾਂ (OR)**

(iv) 'ਪ੍ਰਾਰਥਨਾ' ਲੇਖ ਦੇ ਆਧਾਰ 'ਤੇ ਦੱਸੋ ਕਿ ਮਹਾਰਾਜਾ ਰਣਜੀਤ ਸਿੰਘ ਆਪਣੇ ਕਾਰਜ ਕਿਵੇਂ ਸਿੱਧ ਕਰ ਲੈਂਦੇ ਸਨ ?

ਉੱਤਰ: ਮਹਾਰਾਜਾ ਰਣਜੀਤ ਸਿੰਘ ਆਪਣੇ ਕਾਰਜ ਬੜੀ ਹਿੰਮਤ ਤੇ ਵਿਸ਼ਵਾਸ ਨਾਲ਼ ਅਤੇ ਪਰਮਾਤਮਾ ਅੱਗੇ ਅਰਦਾਸ ਕਰਕੇ ਸਿੱਧ ਕਰ ਲੈਂਦੇ ਸਨ। ਪੰਜਾਬ ਵਰਗੇ ਫ਼ਸਾਦਾਂ ਨਾਲ਼ ਭਰਪੂਰ ਦੇਸ ਨੂੰ ਜਿੱਤਣਾ, ਜਿੱਥੇ ਚੱਪੇ-ਚੱਪੇ 'ਤੇ ਅੱਡ ਰਾਜ ਸਨ, ਬਹੁਤ ਮੁਸ਼ਕਲ ਕੰਮ ਸੀ। ਪਰ ਉਹ ਕਦੇ ਘਬਰਾਏ ਨਹੀਂ ਸਨ, ਬਲਕਿ ਉਹ ਹਰ ਮੁਸੀਬਤ ਵਿੱਚ ਅਕਾਲ ਪੁਰਖ ਅੱਗੇ ਪ੍ਰਾਰਥਨਾ ਕਰ ਕੇ ਆਪਣੇ ਕਾਰਜ ਸਿੱਧ ਕਰ ਲੈਂਦੇ ਸਨ।

16. **ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : 1X4=4**

(i) 'ਜ਼ਫ਼ਰਨਾਮਾ' ਇਕਾਂਗੀ ਦੇ ਆਧਾਰ 'ਤੇ ਦੱਸੋ ਕਿ 'ਜ਼ਫ਼ਰਨਾਮਾ' ਪੜ੍ਹਨ ਤੋਂ ਬਾਅਦ ਔਰੰਗਜ਼ੇਬ ਨੂੰ ਕੀ ਪ੍ਰੇਸ਼ਾਨੀ ਹੋਈ ? ਜਿਸ ਬਾਰੇ ਉਹ ਆਪਣੇ ਅਹਿਲਕਾਰ ਨੂੰ ਦੱਸਦਾ ਹੈ।

ਉੱਤਰ: ਔਰੰਗਜ਼ੇਬ ਆਪਣੇ ਅਹਿਲਕਾਰ ਅਸਦ ਖ਼ਾਨ ਨੂੰ ਦੱਸਦਾ ਹੈ ਕਿ ਉਸ ਨੂੰ 'ਜ਼ਫ਼ਰਨਾਮਾ' ਨਾਮਕ ਜੋ ਖ਼ਤ ਆਇਆ ਹੈ, ਉਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਅਜਿਹੀ ਬੇਬਾਕੀ ਨਾਲ਼ ਲਾਹਨਤਾਂ ਪਾਈਆਂ ਹਨ ਕਿ ਉਸ ਦੀ ਅੰਤਰ-ਆਤਮਾ ਕੰਬ ਗਈ ਹੈ। ਉਸ ਨੂੰ ਸਾਰੀ ਰਾਤ ਬੇਚੈਨੀ ਰਹੀ ਤੇ ਡਰਾਉਣੇ ਸੁਫਨੇ ਵੀ ਆਉਂਦੇ ਰਹੇ।

(ii) ਤੁਹਾਡੇ ਵਿਚਾਰ ਅਨੁਸਾਰ'ਦੂਜਾ ਵਿਆਹ' ਇਕਾਂਗੀ ਵਿੱਚ, ਮਨਜੀਤ ਇੱਕ ਪਤਨੀ ਅਤੇ ਨੂੰਹ ਦੇ ਰੂਪ ਵਿੱਚ ਆਪਣੀ ਭੂਮਿਕਾ ਨਿਭਾਉਣ ਵਿੱਚ ਕਿੰਨੀ ਕੁ ਸਫ਼ਲ ਰਹੀ ਹੈ ? ਆਪਣੇ ਵਿਚਾਰ ਪ੍ਰਗਟਾਓ।

ਉੱਤਰ: ਇਸ ਪ੍ਰਸ਼ਨ ਦਾ ਉੱਤਰ ਵਿਦਿਆਰਥੀ ਆਪਣੀ ਸੋਚ ਤੇ ਸੂਝ-ਬੂਝ ਮੁਤਾਬਕ ਲਿਖਣਗੇ। ਸੋ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ।